## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ. ਨਗਰ

(ਅਮਲਾ -4 ਸ਼ਾਖਾ)

ਹੁਕਮ ਨੰ.: 231925-DPISE-EST40ESTB/114/2021

ਮਿਤੀ : ਐਸ.ਏ.ਐਸ. ਨਗਰ 01/09/2021

ਇਸ ਦਫਤਰ ਦੇ ਹੁਕਮ ਨੰ 2/1-2017 ਅ4(5) ਮਿਤੀ 13.07.2018 ਅਤੇ ਇਸ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਪ੍ਰਇਮਰੀ ਅਧਿਆਪਕ ਕਾਡਰ ਤੋਂ **ਸਮਾਜਿਕ ਸਿੱਖਿਆ ਮਾਸਟਰ/ਮਿਸਟ੍ਰੈਸ** ਪੇ ਬੈਂਡ ਰੁਪਏ 10300-34800 (ਗ੍ਰੇਡ ਪੇ ਰੁਪਏ 5000) ਦੇ ਗ੍ਰੇਡ ਵਿੱਚ ਸਿ.ਰਿ. ਪਟੀ. ਨੰ. 13563 ਆਫ 2016 ਬਲਦੇਵ ਸਿੰਘ ਬਨਾਮ ਪੰਜਾਬ ਸਰਕਾਰ ਵਿੱਚ ਮਾਨਯੋਗ ਕੋਰਟ ਦੇ ਮਿਤੀ 30.11.2016 ਰਾਹੀਂ ਦਿੱਤੇ ਅੰਤਰਿਮ ਆਦੇਸ਼ਾਂ ਅਨੁਸਾਰ ਪ੍ਰੋਵੀਜ਼ਨਲ ਤੌਰ ਤੇ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਹੇਠ ਲਿਖੀਆਂ ਸ਼ਰਤਾਂ ਤਹਿਤ ਨੋਸ਼ਨਲ ਤੋਰ ਤੇ ਮਿਤੀ 13.07.2018 ਤੋ ਤਰਕੀ ਦਿੱਤੀ ਜਾਂਦੀ ਹੈ ਅਤੇ ਸਟੇਸ਼ਨ ਅਲਾਟ ਕੀਤਾ ਜਾਂਦਾ ਹੈ :

| SR No | Staff ID | Before Promotion | | | Caste | After Promotion | |
|---|---|---|---|---|---|---|---|
| | | Name | School Name | District | | Station Allotted | District |
| 1 | 239746781 | SARBJIT SINGH | GPS HARSIAN | GURDASPUR | GENERAL | GSSS BEHLOOR KALAN | S.B.S. NAGAR |
| 2 | 486772583 | RAJINDER KAUR | GPS PAKHO KE TAHLI SAHIB | GURDASPUR | GENERAL | GSSS MUKERIAN | HOSHIARPUR |
| 3 | 517054912 | KULWINDER SINGH | GPS TANDA BADHA KALAN | FATEHGARH SAHIB | GENERAL | GSSS TANDA BADHA KALAN | FATEHGARH SAHIB |
| 4 | 691636905 | RENU AGGARWAL | GPS KHARAR III | SAS NAGAR | GENERAL | GSSS KHIZRABAD | SAS NAGAR |
| 5 | 872593705 | KULWINDER KUMAR | GPS RUMANA CHAK | AMRITSAR | BC | GHS DHILWAN GIRLS | KAPURTHALA |
| 6 | 949222452 | RAJNI BALA | GPS HASANPUR KALAN | GURDASPUR | SC(R & O) | GHS MAQSOOD PUR | KAPURTHALA |

ਸ਼ਰਤਾਂ :

1. ਸਬੰਧਿਤ ਕਰਮਚਾਰੀ/ਕਰਮਚਾਰਨ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਅਨੁਸਾਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਨਿਯਮਾਂ ਅਨੁਸਾਰ (ਬੀ.ਏ./ ਬੀ.ਐਸ.ਸੀ./ ਬੀ.ਐਡ. ਆਦਿ) ਪਾਸ ਹੋਵੇ ਅਤੇ ਸਮੇਂ -ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਨਿਯਮਾਂ ਅਨੁਸਾਰ ਵਿਸ਼ਾ ਜੋੜ ਦੀ ਸ਼ਰਤ ਪੂਰੀ ਕਰਦਾ/ਕਰਦੀ ਹੋਵੇ।
2. ਸਬੰਧਤ ਸਕੂਲ ਮੁੱਖੀ ਕਰਮਚਾਰੀ/ਕਰਮਚਾਰਨ ਨੂੰ ਰਲੀਵ ਕਰਨ ਤੋ ਪਹਿਲਾਂ ਉਸ ਦੇ ਮੁਕੰਮਲ ਸੇਵਾ/ਵਿੱਦਿਅਕ ਯੋਗਤਾ ਸਬੰਧੀ ਰਿਕਾਰਡ/ਦਸਤਾਵੇਜ਼ ਚੈੱਕ ਕਰਨਗੇ।
3. ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਾਉਣ ਤੋਂ ਪਹਿਲਾਂ ਸਬੰਧਤ ਸਕੂਲ ਮੁੱਖੀ ਉਸ ਦਾ ਅਪ-ਟੂ-ਡੇਟ ਸੇਵਾ/ਵਿੱਦਿਅਕ ਰਿਕਾਰਡ ਚੈਕ ਕਰਨਗੇ। ਰਿਕਾਰਡ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਹਾਜ਼ਰ ਨਾ ਕਰਵਾਇਆ ਜਾਵੇ ਸਗੋਂ ਇਸ ਬਾਰੇ ਸੂਚਨਾ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਨੂੰ ਭੇਜੀ ਜਾਵੇ।
4. ਇਹ ਪਦ-ਉਨਤ ਕਰਮਚਾਰੀ/ਕਰਮਚਾਰਨ ਸਬੰਧਤ ਸਕੂਲ ਵਿਖੇ 3 ਦਿਨ ਦੇ ਅੰਦਰ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰਨਗੇ।
5. ਡਿਪਾਰਮੈਂਟ ਆਫ ਪ੍ਰਸੋਨਲ ਐਂਡ ਐਡਮਨਿਸਟ੍ਰੇਟਿਵ ਰੀਫਾਰਮਸ (ਪਰਸਨਲ ਪਾਲਿਸੀ ਬ੍ਰਾਂਚ-1) ਦੀ ਨੋਟੀਫਿਕੇਸ਼ਨ ਮਿਤੀ 04.05.1994 ਅਨੁਸਾਰ ਪੰਜਾਬ ਸਿਵਲ ਸਰਵਸਿਜ਼ (ਜਨਰਲ ਐਂਡ ਕਾਮਨ ਕੰਡੀਸ਼ਨਜ਼ ਆਫ ਸਰਵਸਿਜ਼) ਰੂਲ 1994 ਤਹਿਤ ਤਰੱਕੀ ਉਪਰੰਤ ਸਮੇਂ-ਸਿਰ ਹਾਜ਼ਰ ਨਾ ਹੋਣ ਵਾਲੇ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਡੀਬਾਰ ਕੀਤਾ ਜਾਵੇਗਾ।
6. ਇਹ ਤਰੱਕੀ ਦੇ ਹੁਕਮ ਤੱਥਾਂ ਦੇ ਗਲਤ ਸਾਬਤ ਹੋਣ ਜਾਂ ਸਬੰਧਿਤ ਕਰਮਚਾਰੀ ਵੱਲੋਂ ਗਲਤ ਵੇਰਵੇ ਦੇਣ ਕਾਰਨ ਜਾਂ ਕੰਮ/ਆਚਰਣ ਤਸੱਲੀ ਬਖਸ਼ ਨਾ ਹੋਣ ਕਾਰਨ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤੇ ਜਾਣਗੇ।

7. ਸਬੰਧਿਤ ਕਰਮਚਾਰੀ/ਕਰਮਚਾਰਨ ਦੀ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਸੀਨੀਆਰਤਾ ਨਿਯਮਾਂ ਅਨੁਸਾਰ ਫਿਕਸ ਕੀਤੀ ਜਾਵੇਗੀ। ਕਰਮਚਾਰੀ ਦੀ ਤਨਖਾਹ ਨੋਸ਼ਨਲ ਤੌਰ ਤੇ ਮਿਤੀ 13.07.2018 ਤੋਂ ਫਿਕਸ ਕੀਤੀ ਜਾਵੇਗੀ, ਵਿੱਤੀ ਲਾਭ ਉਸ ਦੀ ਹਾਜਰੀ ਦੀ ਮਿਤੀ ਤੋਂ ਮਿਲਣ ਯੋਗ ਹੋਣਗੇ।

8. ਸਬੰਧਿਤ ਕਰਮਚਾਰੀ/ਕਰਮਚਾਰਨ ਵਿਰੁੱਧ ਕੋਈ ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਦੀ ਸੂਰਤ ਵਿੱਚ ਹੀ ਉਸ ਨੂੰ ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਵਾਇਆ ਜਾਵੇ।

9. ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜਿਨ੍ਹਾਂ ਕਰਮਚਾਰੀਆਂ ਨੇ ਵਿਭਾਗੀ ਸੇਵਾ ਦੌਰਾਨ ਪੱਤਰ-ਵਿਹਾਰ/ਰੈਗੂਲਰ ਮੋਡ ਰਾਹੀਂ ਵਿਦਿਅਕਯੋਗਤਾਵਾਂ ਹਾਸਲ ਕੀਤੀਆ ਹਨ, ਉਨ੍ਹਾਂ ਨੇ ਵਿਭਾਗੀ ਮੰਜ਼ੂਰੀ ਲਈ ਹੋਵੇ ਅਤੇ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਜੇਕਰ ਅਜਿਹੇ ਕਰਮਚਾਰੀਆਂ ਨੇ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਰੈਗੂਲਰ ਤੌਰ ਤੇ ਪ੍ਰਾਪਤ ਕੀਤੀਆਂ ਹਨ, ਤਾਂ ਇਸ ਸਬੰਧੀ ਸਮਰੱਥ ਅਧਿਕਾਰੀ ਤੋਂ ਲੋੜੀਂਦੀ ਛੁੱਟੀ ਸਬੰਧੀ ਮੰਜ਼ੂਰੀ ਪ੍ਰਾਪਤ ਕੀਤੀ ਹੋਵੇ।

10. ਜੇਕਰ ਕਿਸੇ ਕਾਰਨ ਵੱਖ-ਵੱਖ ਕਾਡਰਾਂ ਵਿੱਚ ਪਦ-ਉਨਤ ਕਰਮਚਾਰੀਆਂ ਤੋਂ ਸੀਨੀਅਰ ਕਰਮਚਾਰੀ ਤਰੱਕੀ ਲੈਣ ਤੋਂ ਵਾਂਝਾ ਰਹਿ ਗਿਆ ਹੋਵੇ ਅਤੇ ਉਸ ਦੀ ਤਰੱਕੀ ਕਾਰਨ ਕਿਸੇ ਕਰਮਚਾਰੀ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਰਿਵਰਟ ਕਰ ਦਿੱਤਾ ਜਾਵੇਗਾ।

11. ਇਹ ਤਰੱਕੀ ਇੱਕ ਸਾਲ ਦੇ ਸਮੇਂ ਲਈ ਪ੍ਰਬੇਸ਼ਨ ਤੇ ਹੋਵੇਗੀ।

12. ਸਿ.ਰਿ.ਪਟੀ. ਨੰ. 13563 ਆਫ 2016-ਬਲਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ, ਸਿ.ਰਿ.ਪਟੀ. ਨੰ. 18094 ਆਫ 2018-ਇੰਦਰਜੀਤ ਸਿੰਘ ਅਤੇ ਹੋਰ ਸਬੰਧਤ ਮੇਲ ਖਾਦੀਆਂ ਰਿੱਟ ਪਟੀਸ਼ਨਾਂ/ ਹੋਰ ਕਿਸੇ ਵੀ ਸਬੰਧਤ ਕੋਰਟ ਕੇਸ ਵਿੱਚ ਹੋਣ ਵਾਲਾ ਅੰਤਿਮ ਫੈਸਲਾ ਲਾਗੂ ਹੋਵੇਗਾ। ਪਦ-ਉਨਤੀਆਂ ਬਿਲਕੁੱਲ ਆਰਜੀ ਹਨ ਅਤੇ ਉਕਤ ਰਿੱਟ ਪਟੀਸ਼ਨਾਂ/ਹੋਰ ਸਬੰਧਤ ਮੇਲ ਖਾਦੀਆਂ ਰਿੱਟ ਪਟੀਸ਼ਨਾਂ ਦੇ ਫੈਸਲੇ ਉਪਰ ਨਿਰਭਰ ਕਰਨਗੀਆਂ।

13. ਵਿਭਾਗ ਦੇ ਪੱਤਰ ਨੰ. 2/1-17 ਅ4(5) ਮਿਤੀ 26.06.2018 ਰਾਹੀਂ ਜਾਰੀ ਕੀਤੇ ਪਬਲਿਕ ਨੋਟਿਸ ਮਿਤੀ 28.06.2018 ਅਤੇ ਇਸ ਦੀ ਲਗਾਤਾਰਤਾ ਵਿੱਚ ਜਾਰੀ ਪਬਲਿਕ ਨੋਟਿਸ ਮਿਤੀ 02.07.2018 ਅਨੁਸਾਰ ਮਿਤੀ 05.07.2018 ਦੀ ਕਾਉਂਸਲਿੰਗ ਵਿੱਚ ਹਾਜਰ ਹੋਏ ਕਰਮਚਾਰੀਆਂ ਵਿੱਚੋ ਕੋਈ ਯੋਗ ਸੀਨੀਅਰ ਕਰਮਚਾਰੀ ਪੱਦ-ਉਨੱਤ ਹੋਣ ਤੋਂ ਰਹਿ ਜਾਂਦਾ ਹੈ ਤਾਂ ਉਹ ਤਰੱਕੀ ਸਬੰਧੀ ਆਪਣਾ ਕਲੇਮ ਦਸਤਾਵੇਜੀ ਪਰੂਫਾਂ ਸਮੇਤ ਡਾਇਰੈਟਰ ਸਿੱਖਿਆ ਵਿਭਾਗ (ਸੈਸਿ) ਵਿਖੇ ਪੇਸ਼ ਕਰੇਗਾ।

14. ਸਬੰਧਤ ਕਰਮਚਾਰੀ/ਕਰਮਚਾਰਨ ਤਰੱਕੀ ਵਾਲੇ ਸਟੇਸ਼ਨ ਤੇ ਹਾਜਰ ਹੋਣ ਦੀ ਸੂਰਤ ਵਿੱਚ ਆਪਣਾ ਤਰੱਕੀ/ਸੇਵਾ ਰਿਕਾਰਡ ਸਬੰਧੀ ਡਾਟਾ ਈ-ਪੰਜਾਬ ਪੋਰਟਲ ਤੇ ਇਸ ਪੱਤਰ ਦੇ ਜਾਰੀ ਹੋਣ ਤੋਂ 7 ਦਿਨਾ ਦੇ ਅੰਦਰ-2 ਅੱਪ-ਡੇਟ ਕਰਨਾ ਯਕੀਨੀ ਬਣਾਉਣਗੇ। ਅਲਾਟ ਕੀਤੇ ਸਟੇਸ਼ਨ ਤੇ ਹਾਜ਼ਰ ਨਾ ਹੋਣ ਅਤੇ ਡਾਟਾ ਅੱਪ ਲੋਡ ਨਾ ਕਰਨ ਦੀ ਸੂਰਤ ਵਿਚ ਸਬੰਧਤ ਕਰਮਚਾਰੀ/ ਕਰਮਚਾਰਨ ਨੂੰ ਨਿਯਮਾਂ ਅਨੁਸਾਰ ਦੋ ਸਾਲ ਦੇ ਸਮੇਂ ਲਈ ਡੀ-ਬਾਰ ਕਰ ਦਿੱਤਾ ਜਾਵੇਗਾ। ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਡੀਬਾਰ ਸਬੰਧੀ ਕਾਰਵਾਈ ਈ-ਪੋਰਟਲ ਤੇ ਉਪਲਬਧ ਡਾਟੇ ਦੇ ਆਧਾਰ ਤੇ ਹੀ ਕੀਤੀ ਜਾਵੇਗੀ।

ਸੁਖਜੀਤ ਪਾਲ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪਿਠ ਅੰਕਣ ਨੰ – ਉਕਤ 2042961459 ਮਿਤੀ: 01/09/2021

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗਕਾਰਵਾਈ ਹਿੱਤ ਭੇਜਿਆ ਜਾਂਦਾ ਹੈ-:

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ .ਨਗਰ।
3. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ ) ਪੰਜਾਬ।
4. ਸਬੰਧਤ ਸਕੂਲ ਮੁੱਖੀ ਕਰਮਚਾਰੀ/ਕਰਮਚਾਰਨ ਨੂੰ ਤਰੱਕੀ ਉਪਰੰਤ ਉਪਰੰਤ ਹਾਜ਼ਰ ਕਰਾਉਣ ਤੋਂ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਸੇਵਾ ਰਿਕਾਰਡ, ਸਲਾਨਾ ਗੁਪਤ ਰਿਪੋਰਟਾਂ, ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਸਬੰਧੀ/ਸੇਵਾਵਾਂ ਰੈਗੂਲਰ ਹੋਣ ਸਬੰਧੀ ਰਿਕਾਰਡ ਚੈੱਕ ਕਰਨਗੇ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਕਰਮਚਾਰੀਆਂ ਦੀਆਂ ਵਿਦਿਅਕਯੋਗਤਾਵਾਂ/ਡਿਗਰੀਆਂ ਯੂ.ਜੀ.ਸੀ./ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੀ ਹਨ। ਉਸ ਦਾ ਸੇਵਾ ਰਿਕਾਕਡ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਹਾਜ਼ਰ ਨਾ ਕਰਵਾਇਆ ਜਾਵੇ, ਸਗੋਂ ਇਸ ਸਬੰਧੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜਿਹੜੇ ਕਰਮਚਾਰੀ ਨਿਸ਼ਚਿਤ ਸਮੇਂ ਅੰਦਰ ਹਾਜਿਰ ਨਹੀ ਹੁੰਦੇ, ਉਨਾਂ ਦੀ ਸੂਚਨਾ ਤੁਰੰਤ ਡਾਇਰੈਕਟੋਰੇਟ ਨੂੰ ਭੇਜਣਗੇ। ਕਰਮਚਾਰੀਆਂ ਦੀ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਸਬੰਧਤ ਯੂਨੀਵਰਸਿਟੀ ਤੋਂ ਵੈਰੀਫਾਈ ਕਰਵਾਏ ਜਾਣ। ਇਹ ਪ੍ਰਕਿਰਿਆ ਤਿੰਨ ਮਹੀਨੇ ਦੇ ਅੰਦਰ-ਅੰਦਰ ਪੂਰੀ ਕਰ ਲਈ ਜਾਵੇ ਅਤੇ ਇਸ ਦੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ।
5. ਸਬੰਧਤ ਕਰਮਚਾਰੀ/ਕਰਮਚਾਰਨ ਇਹਨਾਂ ਹੁਕਮਾਂ ਦੀ ਕਾਪੀ www.ssapunjab.org ਤੋਂ ਪ੍ਰਾਪਤ ਕਰਨਗੇ।

ਸਹਾਇਕ ਡਾਇਰੈਕਟਰ (ਸ.ਪ੍ਰ-4)